# सतगुर नानक तेरी लीला न्यारी ए

ਸਤਿਗੁਰ ਨਾਨਕ, ਤੇਰੀ ਲੀਲਾ ਨਿਆਰੀ ਏ,
ਨੀਝਾਂ ਲਾ ਲਾ, ਵੇਂਹਦੀ ਦੁਨੀਆਂ ਸਾਰੀ ਏ ॥

ਭੁੱਲ ਭੁਲੇਖੇ, ਮੁੜ ਕੇ ਫੇਰਾ ਪਾ ਜਾਵੀਂ*,
ਚਾਰੇ ਕੂੰਟ ਹਨੇਰਾ, ਜੋਤ ਜਗਾ ਜਾਵੀਂ ॥
ਬਾਣੀ ਦੇ ਥਾਂ ਫ਼ੈਸ਼ਨ, ਚੜ੍ਹੀ ਖ਼ੁਮਾਰੀ ਏ,
ਸਤਿਗੁਰ ਨਾਨਕ, ਤੇਰੀ ਲੀਲਾ ਨਿਆਰੀ ਏ,,,
ਸਤਿਗੁਰ ਨਾਨਕ, ਤੇਰੀ ਲੀਲਾ,,,,,,,,,,,,,,,

ਕੌਡੇ ਨਾਲੋਂ ਵੱਧ ਕੇ, ਹੁਣ ਵੀ ਰਾਖਸ਼ ਨੇ*,
ਕੂੜ ਕਮਾਂਦੇ ਫਿਰਦੇ, ਝੂਠੇ ਆਸ਼ਕ ਨੇ ॥
ਛੱਡ ਜਾਣਾ ਨੇਹੁ ਲਾ ਕੇ, ਕੀ ਦਿਲਦਾਰੀ ਏ,
ਸਤਿਗੁਰ ਨਾਨਕ, ਤੇਰੀ ਲੀਲਾ ਨਿਆਰੀ ਏ,,,
ਸਤਿਗੁਰ ਨਾਨਕ, ਤੇਰੀ ਲੀਲਾ,,,,,,,,,,,,,,,

ਤੇਰੇ ਏਥੇ ਬੰਦੇ, ਆਦਮ ਖਾਣੇ ਨੇ*,
ਸੱਜਣ ਨਾਲੋਂ ਵੱਧ ਕੇ, ਠੱਗ ਸਿਆਣੇ ਨੇ ॥
ਸਧਨੇ ਦੇ ਹੱਥ, ਮੁੜ ਕੇ ਫੜੀ ਕਟਾਰੀ ਏ,
ਸਤਿਗੁਰ ਨਾਨਕ, ਤੇਰੀ ਲੀਲਾ ਨਿਆਰੀ ਏ,,,
ਸਤਿਗੁਰ ਨਾਨਕ, ਤੇਰੀ ਲੀਲਾ,,,,,,,,,,,,,,,

ਭਾਗੋ ਵਰਗਿਆਂ ਲੋਕਾਂ, ਲੁੱਟ ਮਚਾਈ ਏ*,
ਹੱਕ ਬੇਗਾਨਾ ਖਾਣਾ, ਕੀ ਵਡਿਆਈ ਏ ॥
ਅੱਜ ਓਹ ਮੌਜ਼ ਉਡਾਵੇ, ਜੋ ਹੰਕਾਰੀ ਏ,
ਸਤਿਗੁਰ ਨਾਨਕ, ਤੇਰੀ ਲੀਲਾ ਨਿਆਰੀ ਏ,,,
ਸਤਿਗੁਰ ਨਾਨਕ, ਤੇਰੀ ਲੀਲਾ,,,,,,,,,,,,,,,

ਤੂੰ ਖੁਸ਼ੀਆਂ ਦੀ ਖੇਤੀ, ਹੱਲ ਚਲਾਂਦਾ ਸੈਂ*,
ਦਸਾਂ ਨੌਂਹਾਂ ਦੀ, ਕਿਰਤ ਕਮਾਈ ਖਾਂਦਾ ਸੈਂ ॥
ਤਾਹੀਉਂ ਤੇਰੀ ਸ਼ੋਭਾ, ਹਰ ਥਾਂ ਭਾਰੀ ਏ,
ਸਤਿਗੁਰ ਨਾਨਕ, ਤੇਰੀ ਲੀਲਾ ਨਿਆਰੀ ਏ,,,
ਸਤਿਗੁਰ ਨਾਨਕ, ਤੇਰੀ ਲੀਲਾ,,,,,,,,,,,,,,,,

'ਜੱਟ' ਦੀ ਤਾਰ, ਦੀਵਾਨੀ ਪਈ ਕੁਰਲਾਂਦੀ ਏ*,
ਆ ਦੁਨੀਆਂ ਦੇ ਬਾਲੀ, ਤਰਲੇ ਪਾਂਦੀ ਏ ॥
ਵਿੱਚ ਵਿਛੋੜੇ ਤੇਰੇ, ਏਹ ਦੁਖਿਆਰੀ ਏ,
ਸਤਿਗੁਰ ਨਾਨਕ, ਤੇਰੀ ਲੀਲਾ ਨਿਆਰੀ ਏ,,,
ਸਤਿਗੁਰ ਨਾਨਕ, ਤੇਰੀ ਲੀਲਾ,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/29477/title/satgur-nanak-teri-leela-nyari-eh

अपने Android मोबाइल पर BhajanGanga App डाउनलोड करें और भजनों का आनंद ले |